# ਮੁੰਦਾਵਣੀ

*[ਡਾ. ਗੁਰਦੇਵ ਸਿੰਘ ਸਿੱਧੂ, ਮੋਹਾਲੀ]*

ਖੇਤਰ ਸਾਹਿੱਤ ਦਾ ਹੋਵੇ ਜਾਂ ਇਤਿਹਾਸ ਦਾ, ਧਰਮ ਦਾ ਹੋਵੇ ਜਾਂ ਸਮਾਜਿਕਤਾ ਦਾ, ਜਦੋਂ ਵੀ ਕੋਈ ਮਸਲਾ ਸਾਹਮਣੇ ਆਵੇ ਤਾਂ ਉਸ ਦੇ ਨਿਪਟਾਰੇ ਲਈ ਉਸ ਦਾ ਪਿਛੋਕੜ ਜਾਣਨਾ ਜ਼ਰੂਰੀ ਹੋ ਜਾਂਦਾ ਹੈ। ਪਰ, ਸਿੱਖ ਜਗਤ ਦੀ ਤ੍ਰਾਸਦੀ ਹੈ ਕਿ ਕਿਸੇ ਵਿਸ਼ੇ ਬਾਰੇ ਜਦੋਂ ਵੀ ਦੋ ਰਾਵਾਂ ਉਤਪੰਨ ਹੋਈਆਂ ਤਾਂ ਉਸ ਬਾਰੇ ਡੂੰਘੀ ਖੋਜ-ਪੜਤਾਲ ਕਰ ਕੇ, ਮੰਥਨ ਕਰਨ ਉਪਰੰਤ ਉਚਿਤ ਨਿਰਣੇ ਲਏ ਜਾਣ ਦੀ ਥਾਂ, ਕਈ ਵਾਰ ਵਿਸ਼ੇਸ਼ ਮਨੋਰਥ ਦੀ ਸਿੱਧੀ ਲਈ ਵਕਤੀ ਠੁੰਮ੍ਹਣਿਆਂ ਦੇ ਆਸਰੇ ਨਿਰਣੇ ਲਏ ਗਏ। ਫਲਸਰੂਪ ਅਜਿਹਾ ਮਸਲਾ ਸੁਲਝਣ ਦੀ ਥਾਂ ਹੋਰ ਉਲਝਦਾ ਰਿਹਾ।

ਕੁਝ ਅਜਿਹਾ ਹੀ ਵਾਪਰਿਆ ਹੈ ਇਸ ਪ੍ਰਸ਼ਨ ਨਾਲ ਕਿ ਆਦਿ ਗ੍ਰੰਥ ਦਾ ਭੋਗ 'ਮੁੰਦਾਵਣੀ' ਸ਼ਬਦ ਉਪਰੰਤ ਪੈਂਦਾ ਹੈ ਜਾਂ 'ਰਾਗਮਾਲਾ' ਉਪਰੰਤ ?

ਇਸ ਪ੍ਰਸ਼ਨ ਦਾ ਉੱਤਰ ਲੱਭਣ ਲਈ ਉਚਿਤ ਰਾਹ ਏਹਨਾਂ ਵਿਚੋਂ ਪ੍ਰਾਪਤ ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਦੀ ਨਿਰਖ-ਪਰਖ ਕਰਨ ਉਪਰੰਤ, ਕਿਸੇ ਸਿੱਟੇ ਉੱਤੇ ਪੁੱਜਿਆ ਜਾਣਾ ਸੀ; ਪਰ ਕੁਝ ਵਿਦਵਾਨਾਂ ਨੇ ਮਸਲੇ ਦਾ ਮੰਤਕੀ ਹੱਲ ਲੱਭਣ ਦੀ ਥਾਂ, ਕਿਸੇ ਪ੍ਰੋਖ ਜਾਂ ਅਪ੍ਰੋਖ ਕਾਰਨ ਸਦਕਾ ਆਪਣੀ ਮਤ ਅਨੁਸਾਰ ਕੱਢੇ ਸਿੱਟੇ ਨੂੰ ਹੀ ਅੰਤਮ ਸ਼ਬਦ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਫਲਸਰੂਪ, ਇਹ ਪ੍ਰਸ਼ਨ ਜਿਉਂ ਦਾ ਤਿਉਂ ਕਾਇਮ ਰਿਹਾ। ਪਰ ਪਿੱਛੇ ਜਿਹੇ ਹੀ ਗਿਆਨੀ ਗੁਰਦਿੱਤ ਸਿੰਘ ਵਲੋਂ ਲਗਪਗ ਛੇ ਦਹਾਕੇ ਦੀ ਖੋਜ ਉਪਰੰਤ ਲਿਖੀ ਪੁਸਤਕ 'ਮੁੰਦਾਵਣੀ' ਪੜ੍ਹ ਕੇ ਹਰ ਪਾਠਕ ਇਸ ਪ੍ਰਸ਼ਨ ਦਾ ਸਹੀ ਉੱਤਰ ਪ੍ਰਾਪਤ ਹੋਇਆ ਸਮਝਦਾ ਹੈ।

ਵਿਦਵਾਨ ਲੇਖਕ ਨੇ ਵਿਚਾਰ ਅਧੀਨ ਗ੍ਰੰਥ 'ਮੁੰਦਾਵਣੀ' ਵਿਚ ਇਸ ਵਿਚਾਰ ਦੀ ਪ੍ਰੋੜ੍ਹਤਾ ਕੀਤੀ ਹੈ ਕਿ 'ਮੁੰਦਾਵਣੀ' ਸਿਰਲੇਖ ਅਧੀਨ, ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ—"ਤਨ ਮਨ ਥੀਵੈ ਹਰਿਆ"—ਸ਼ਬਦ ਹੀ ਆਦਿ ਬੀੜ ਦੀ ਸਮਾਪਤੀ ਹੈ।

ਬਹੁਤ ਸਮਾਂ ਪਹਿਲਾਂ ਭਾਈ ਸੰਤੋਖ ਸਿੰਘ ਜੀ (ਕਰਤਾ—*ਗੁਰ ਪ੍ਰਤਾਪ ਸੂਰਜ ਗ੍ਰੰਥ*) ਅਤੇ ਪੰਡਤ ਤਾਰਾ ਸਿੰਘ, ਗਿਆਨੀ ਗਿਆਨ ਸਿੰਘ (*ਤਵਾਰੀਖ ਗੁਰੂ ਖ਼ਾਲਸਾ*—ਭਾਗ ਪਹਿਲਾ) ਇਹ ਸਪੱਸ਼ਟ ਕਰ ਚੁੱਕੇ ਸਨ ਕਿ ਆਦਿ ਗ੍ਰੰਥ ਦੀਆਂ ਪ੍ਰਾਪਤ ਬੀੜਾਂ ਵਿਚ 'ਮੁੰਦਾਵਣੀ' ਹੀ ਭੋਗ ਹੈ :

**ਤਾਕੇ ਪਾਛੇ ਲਿਖ ਮੁੰਦਾਵਣੀ ਮੁਦਰਤ ਮੋਹਰ ਲਗੀ ਜਨਵਾਹਿ ॥**

ਪੁਸਤਕ ਦੇ ਲਿਖਾਰੀ ਨੇ ਇਹ ਸਿੱਧ ਕਰਨ ਲਈ ਰਾਗਮਾਲਾ ਦੇ ਅੰਦਰਲੇ ਅਤੇ ਇਸ ਤੋਂ ਬਾਹਰਲੇ ਪ੍ਰਮਾਣਾਂ ਨੂੰ ਆਪਣੇ ਕਥਨ ਦਾ ਆਧਾਰ ਬਣਾਇਆ। ਗੁਰਦੁਆਰਾ ਸੁਧਾਰ ਸਮੇਂ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪੰਥ ਦਾ ਕਬਜ਼ਾ ਹੋਇਆ ਅਤੇ ਜਿੱਥੇ ਹੋਰ ਸਥਾਨਾਂ ਉੱਤੇ ਵੀ ਕਬਜ਼ੇ ਹੋਏ ਤੇ ਪੁਜਾਰੀਵਾਦ ਹਟਿਆ, ਭੋਗ 'ਮੁੰਦਾਵਣੀ' ਉੱਤੇ ਪਾਏ ਜਾਣ ਲੱਗੇ ਅਤੇ ਸਾਕਾ ਨੀਲਾ ਤਾਰਾ ਵਾਪਰਨ ਤਕ ਏਹੋ ਰੀਤ ਜਾਰੀ ਰਹੀ। ਪਰ, ਕਿਸੇ ਨਾ ਕਿਸੇ ਕਾਰਨ, ਪਿਛਲੀ ਸਦੀ ਦੇ ਅੱਧ ਤਕ ਇਹ ਮਸਲਾ ਵਿਵਾਦ ਦਾ ਕਾਰਨ ਬਣਿਆ ਰਿਹਾ। ਇਥੋਂ ਤਕ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਸੇ ਪ੍ਰੋਖ ਜਾਂ ਅਪ੍ਰੋਖ ਕਾਰਨ ਸਦਕਾ ਦੁਬਿਧਾ ਵਿਚ ਰਹੀ, ਜਿਸ ਦਾ ਪਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਸਲਾਹਕਾਰ ਕਮੇਟੀ ਵਲੋਂ 1932 ਵਿਚ ਤਿਆਰ ਕੀਤੀ 'ਸਿੱਖ ਰਹਿਤ ਮਰਯਾਦਾ' ਦੇ ਖਰੜੇ ਵਿਚ 'ਭੋਗ' ਸਿਰਲੇਖ ਅਧੀਨ ਦਰਜ ਇਸ ਕਥਨ ਤੋਂ ਹੋ ਜਾਂਦਾ ਹੈ :

> ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਪਾਇਆ ਜਾਵੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। (ਇਸ ਗੱਲ ਬਾਬਤ ਪੰਥ 'ਚ ਅਜੇ ਤਕ ਮੱਤ-ਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਕੋਈ ਹੀਆ ਨਾ ਕਰੇ।

ਇਸ ਬਾਰੇ ਇਕ ਵਾਰੀ ਫੇਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਵਿਚ ਵਿਚਾਰ ਹੋਈ। ਸਲਾਹਕਾਰ ਕਮੇਟੀ ਵਲੋਂ 7 ਜਨਵਰੀ, 1945 ਨੂੰ ਆਪਣੀ ਤੇਰ੍ਹਵੀਂ ਇਕੱਤਰਤਾ ਦੌਰਾਨ ਰਾਇ ਪ੍ਰਗਟ ਕੀਤੀ ਗਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ 'ਮੁੰਦਾਵਣੀ' 'ਤੇ ਪਾਇਆ ਜਾਣਾ ਚਾਹੀਦਾ ਹੈ।

ਇਸ ਦੇ ਬਾਅਦ ਵੀ ਕਿਸੇ ਨਾ ਕਿਸੇ ਤਰ੍ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਪਤੀ ਬਾਰੇ ਸਿੱਖ ਜਗਤ ਇਕ ਰਾਇ ਨਹੀਂ ਹੋ ਸਕਿਆ। ਸ਼ਾਇਦ, ਰਾਇ-ਭਿੰਨਤਾ ਦੀ ਅਜਿਹੀ ਧੁੰਦ ਨੂੰ ਹਟਾ ਕੇ, ਨਿਰਮਲ ਵਾਤਾਵਰਣ ਦੇਣ ਲਈ ਹੀ ਗਿਆਨੀ ਜੀ ਇਹ ਪੁਸਤਕ ਲਿਖਣ ਲਈ ਪ੍ਰਯਤਨਸ਼ੀਲ ਰਹੇ।

ਲੇਖਕ ਨੇ ਇਹ ਸਿੱਧ ਕਰਨ ਲਈ ਕਿ—ਆਦਿ ਗ੍ਰੰਥ ਦਾ ਭੋਗ 'ਮੁੰਦਾਵਣੀ' ਉੱਤੇ ਪੈਂਦਾ ਹੈ—ਆਪਣੇ ਖੋਜ-ਕਾਰਜ ਨੂੰ ਵਿਭਿੰਨ ਚਾਰ ਅਧਿਆਵਾਂ ਵਿਚ ਵੰਡ ਕੇ ਪੇਸ਼ ਕੀਤਾ ਹੈ। ਚਾਰੇ

ਅਧਿਆਇ ਵਿਭਿੰਨ ਵਿਸ਼ਿਆਂ ਬਾਰੇ ਲਿਖੇ ਗਏ ਹਨ। ਪਰ ਹਰ ਸ਼ਬਦ ਲਿਖਦਿਆਂ ਲੇਖਕ ਦੀ ਸੋਚ ਦਾ ਕੇਂਦਰ ਬਿੰਦੂ ਆਪਣੇ ਮੱਤ ਨੂੰ ਪੁਸ਼ਟ ਕਰਦਾ ਰਿਹਾ ਹੈ। ਪਹਿਲੇ ਅਧਿਆਇ 'ਬੀੜਾਂ ਬਾਰੇ ਸੰਖੇਪ ਜਾਣਕਾਰੀ' ਵਿਚ ਪਾਠ-ਤਰਤੀਬ ਵਿਚਲੀ ਵੱਖਰਤਾ ਦੇ ਆਧਾਰ ਉੱਤੇ ਲਗਪਗ ਅੱਧੀ ਦਰਜਨ ਭਿੰਨ-ਭਿੰਨ ਬੀੜਾਂ ਦੇ ਹਵਾਲੇ ਦਿੱਤੇ ਹਨ, ਜਿਨ੍ਹਾਂ ਦਾ ਭੋਗ 'ਮੁੰਦਾਵਣੀ' ਉੱਤੇ ਪੈਂਦਾ ਹੈ। ਆਪਣੇ ਨਿੱਜੀ ਸੰਗ੍ਰਹਿਆਲੇ ਵਿਚ ਪ੍ਰਾਪਤ ਬੀੜਾਂ ਤੋਂ ਬਿਨਾਂ ਪਟਨਾ ਸਾਹਿਬ, ਸਾਗਰੀ ਪਿੰਡ (ਜ਼ਿਲ੍ਹਾ ਰਾਵਲਪਿੰਡੀ), ਪਿੰਡ ਗੋਦਲਾਵਾਲਾ (ਜ਼ਿਲ੍ਹਾ ਗੁਜਰਾਂਵਾਲਾ) ਤਰਨਤਾਰਨ (ਜ਼ਿਲ੍ਹਾ ਅੰਮ੍ਰਿਤਸਰ), ਬੁਰਜ ਬਾਬਾ ਆਲਾ ਸਿੰਘ (ਪਟਿਆਲਾ), ਪਿੰਡ ਭਾਈ ਕੇ ਫੱਫੜੇ (ਜ਼ਿਲ੍ਹਾ ਮਾਨਸਾ), ਡੇਹਰਾਦੂਨ (ਉਤਰਾਂਚਲ), ਮੁੰਗੇਰ (ਬਿਹਾਰ), ਬਰਮਿੰਘਮ (ਬਰਤਾਨੀਆ), ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ), ਹਜ਼ੂਰ ਸਾਹਿਬ (ਮਹਾਂਰਾਸ਼ਟਰ) ਆਦਿ ਥਾਵਾਂ ਉੱਤੇ ਦੇਖੀਆਂ-ਪੜਤਾਲੀਆਂ 3-4 ਦਰਜਨ ਤੋਂ ਵੱਧ ਬੀੜਾਂ ਵਿਚਲੇ ਪਾਠ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦਿਆਂ ਸਪੱਸ਼ਟ ਕੀਤਾ ਹੈ ਕਿ ਇਨ੍ਹਾਂ ਵਿਚ 'ਮੁੰਦਾਵਣੀ' ਦਾ ਸ਼ਬਦ, ਅੰਤਮ ਸ਼ਬਦ ਵਜੋਂ ਦਰਜ ਕੀਤਾ ਮਿਲਦਾ ਹੈ। ਲੇਖਕ ਨੇ ਆਪਣੇ ਮੱਤ ਦੀ ਪੁਸ਼ਟੀ ਵਜੋਂ ਗੁਰੂ ਸਾਹਿਬਾਨ ਦੇ ਸਮੇਂ ਤੋਂ ਵੀਹਵੀਂ ਸਦੀ ਦੇ ਆਰੰਭ ਤਕ ਦੇ ਸਮੇਂ ਦੌਰਾਨ ਲਿਖੀਆਂ ਅਤੇ ਪ੍ਰਮਾਣਿਕ ਲਗਪਗ ਦੋ ਦਰਜਨ ਬੀੜਾਂ ਦੇ ਤਤਕਰੇ ਅਤੇ ਅੰਤਮ ਪੰਨੇ ਚਿਤ੍ਰ-ਰੂਪ ਵਿਚ ਪੇਸ਼ ਕੀਤੇ ਹਨ।

ਦੂਜੇ ਅਧਿਆਇ 'ਮੁੰਦਾਵਣੀ ਦੇ ਅਰਥ-ਭਾਵ' ਵਿਚ ਭਾਈ ਮਨੀ ਸਿੰਘ, ਭਾਈ ਸੰਤੋਖ ਸਿੰਘ, ਪੰਡਤ ਤਾਰਾ ਸਿੰਘ ਨਰੋਤਮ, ਗਿਆਨੀ ਗਿਆਨ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਡਾ. ਚਰਨ ਸਿੰਘ, ਗਿਆਨੀ ਹਜ਼ਾਰਾ ਸਿੰਘ, ਭਾਈ ਵੀਰ ਸਿੰਘ ਅਤੇ ਹੋਰ ਲਗਪਗ ਇਕ ਦਰਜਨ ਸੰਪ੍ਰਦਾਈ ਵਿਦਵਾਨਾਂ ਦੇ ਨਾਲ-ਨਾਲ ਪ੍ਰੋਫ਼ੈਸਰ ਹਰਬੰਸ ਸਿੰਘ, ਪ੍ਰੋਫ਼ੈਸਰ ਗੁਰਬਚਨ ਸਿੰਘ ਤਾਲਿਬ ਅਤੇ ਡਾਕਟਰ ਗੋਪਾਲ ਸਿੰਘ ਦੀਆਂ ਅੰਗਰੇਜ਼ੀ ਵਿਚ ਲਿਖੀਆਂ ਰਚਨਾਵਾਂ ਵਿਚਲੇ ਹਵਾਲਿਆਂ ਨਾਲ ਸਿੱਧ ਕੀਤਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਬੀੜ ਵਿਚ 'ਮੁੰਦਾਵਣੀ' ਨੂੰ ਗ੍ਰੰਥ ਸਮਾਪਤੀ ਦੀ ਮੋਹਰਛਾਪ ਵਜੋਂ ਹੀ ਦਰਜ ਕੀਤਾ ਸੀ। ਪੁਸਤਕ ਦੇ ਦੋ ਅਗਲੇ ਅਧਿਆਇ ਵਿਵਾਦ-ਗ੍ਰਸਤ ਕਾਵਿ 'ਰਾਗਮਾਲਾ' ਬਾਰੇ ਹਨ। ਲੇਖਕ ਨੂੰ 'ਰਾਗਮਾਲਾ' ਬਾਰੇ ਇੰਨਾ ਕੁਝ ਲਿਖਣ ਦੀ ਲੋੜ ਇਸ ਕਾਰਨ ਪਈ, ਕਿਉਂ ਜੁ ਪਿਛਲੇ ਲੰਮੇ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ 'ਮੁੰਦਾਵਣੀ' ਤੋਂ ਪਿੱਛੋਂ 'ਰਾਗਮਾਲਾ' ਨੂੰ ਦਰਜ ਕੀਤਾ ਜਾ ਰਿਹਾ ਹੋਣ ਕਾਰਨ ਸਾਧਾਰਨ ਸਿੱਖ ਇਸ ਨੂੰ ਭੋਗ ਦੀ ਬਾਣੀ ਮੰਨਦੇ ਹਨ।

ਲੇਖਕ ਨੇ ਤੀਜੇ ਅਧਿਆਇ 'ਸੰਗੀਤੱਗਯ ਵਿਦਵਾਨਾਂ ਦੀ ਨਜ਼ਰ ਵਿਚ ਰਾਗਮਾਲਾ' ਵਿਚ ਗੁਰਮਤਿ ਸੰਗੀਤ ਦੇ ਮਾਹਰ ਵਿਦਵਾਨਾਂ ਪ੍ਰਿੰ. ਦਿਆਲ ਸਿੰਘ ਅਤੇ ਪ੍ਰੋਫ਼ੈਸਰ ਤਾਰਾ ਸਿੰਘ ਦੇ 'ਰਾਗਮਾਲਾ' ਬਾਰੇ ਵਿਚਾਰ ਦੇਣ ਦੇ ਨਾਲ-ਨਾਲ ਇਹ ਵੀ ਦੱਸਿਆ ਹੈ ਕਿ ਮੱਧਕਾਲ ਦੌਰਾਨ ਹਿੰਦੀ-ਕਾਵਿ ਵਿਚ 'ਰਾਗਮਾਲਾ' ਨਾਉਂ ਅਧੀਨ ਇਕ ਕਾਵਿ-ਰੂਪ ਵੀ ਪ੍ਰਚੱਲਤ ਰਿਹਾ ਹੈ। ਲੇਖਕ ਨੇ ਆਦਿ ਬੀੜ ਵਿਚ ਦਰਜ 'ਰਾਗਮਾਲਾ' ਤੋਂ ਬਿਨਾਂ ਲਗਪਗ ਅੱਧੀ ਦਰਜਨ ਹੋਰ ਕਵੀਆਂ, ਜਿਵੇਂ—ਕਵੀ ਸ਼ਿਆਮ ਮਿਸ਼ਰ (ਸੋਲ੍ਹਵੀਂ ਸਦੀ), ਪੁੰਡਰੀਕ ਬਿਠੁਲ (ਸੋਲ੍ਹਵੀਂ ਸਦੀ), ਯਸ਼ੋਦਾ ਨੰਦ ਸ਼ੁਕਲ (ਅਠਾਰ੍ਹਵੀਂ ਸਦੀ) ਆਦਿ ਦੀਆਂ ਇਸੇ ਨਾਮ ਵਾਲੀਆਂ ਕਾਵਿ-ਰਚਨਾਵਾਂ ਦੀ ਦੱਸ ਪਾਉਂਦਿਆਂ, ਉਨ੍ਹਾਂ ਦੇ ਵਿਸ਼ੇ-ਵਸਤੂ ਬਾਰੇ ਵੀ ਜਾਣਕਾਰੀ ਦਿੱਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ 'ਰਾਗਮਾਲਾ' ਬਾਰੇ ਚਰਚਾ ਕਰਦਿਆਂ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ *ਗੁਰ ਪ੍ਰਤਾਪ ਸੂਰਜ ਗ੍ਰੰਥ* (ਰਾਸਿ-3, ਅੰਸੂ 48) ਵਿਚ ਸਪੱਸ਼ਟ ਲਿਖਿਆ ਹੈ :

**ਮਾਧਵਨਲ ਆਲਮ ਕਵੀ ਕੀਨਿਸ,**
**ਤਿਸ ਮਹਿ ਨਿਤਕਾਰੀ ਕਹਿ ਤੈਨ।**

ਕਿ ਇਹ ਆਲਮ ਨਾਮ ਦੇ ਕਵੀ ਦੀ ਰਚਨਾ ਉਸ ਦੀ ਕਾਵਿ ਕ੍ਰਿਤ 'ਮਾਧਵਨਲ ਕਾਮਕੰਦਲਾ' ਵਿਚੋਂ ਹੈ। ਕੁਝ ਵਿਦਵਾਨ ਇਸ ਨੂੰ ਬੀੜ ਦਾ ਭਾਗ ਹੀ ਸਮਝਦੇ ਰਹੇ ਹਨ। ਇਸ ਲਈ ਜੇਕਰ 'ਰਾਗਮਾਲਾ' ਦੇ ਰਚਨਹਾਰ ਬਾਰੇ ਫ਼ੈਸਲਾ ਹੋ ਜਾਵੇ ਤਾਂ ਇਸ ਰਚਨਾ ਦੇ ਗੁਰਬਾਣੀ ਹੋਣ ਜਾਂ ਨਾ ਹੋਣ ਦਾ ਨਿਰਣਾ ਸੁਤੇ-ਸਿੱਧ ਹੋ ਜਾਂਦਾ ਹੈ।

ਇਸ ਮਨੋਰਥ ਲਈ ਹੀ ਗਿਆਨੀ ਗੁਰਦਿੱਤ ਸਿੰਘ ਜੀ ਨੇ 'ਮੁੰਦਾਵਣੀ' ਗ੍ਰੰਥ ਦਾ ਚੌਥਾ ਅਧਿਆਇ 'ਆਲਮ ਬਾਰੇ ਪੂਰੀ ਖੋਜ' ਸਿਰਲੇਖ ਅਧੀਨ ਲਿਖਿਆ ਹੈ। ਇਸ ਵਡ-ਆਕਾਰੀ ਅਧਿਆਇ ਖੋਜੀ ਵਿਦਵਾਨ ਵਲੋਂ ਹਿੰਦੀ ਕਵੀ ਆਲਮ ਦੇ ਜੀਵਨ-ਕਾਲ ਅਤੇ ਉਸ ਦੀ ਰਚਨਾ ਬਾਰੇ ਪ੍ਰਾਪਤ ਹਿੰਦੀ ਦੇ ਤਿੰਨ-ਚਾਰ ਦਰਜਨ ਵਿਦਵਾਨਾਂ ਦੀਆਂ ਲਿਖਤਾਂ ਪੇਸ਼ ਕੀਤੀਆਂ ਹਨ। ਇਸ ਮਨੋਰਥ ਲਈ ਲੇਖਕ ਨੇ ਹਿੰਦੀ ਸਾਹਿੱਤ ਦਾ ਇਨਸਾਈਕਲੋਪੀਡੀਆ (ਅੰਗ੍ਰੇਜ਼ੀ), ਭਾਰਤੀ ਸਾਹਿੱਤ ਕੋਸ਼ (ਡਾ. ਨਗੇਂਦ੍ਰ), ਹਿੰਦੀ ਵਿਸ਼ਵਕੋਸ਼ (ਵਾਰਾਨਸੀ) ਅਤੇ ਹਿੰਦੀ ਸਾਹਿੱਤ ਦੇ ਇਤਿਹਾਸ ਦੇ ਗ੍ਰੰਥਾਂ ਆਦਿ ਪ੍ਰਮਾਣਿਕ ਹਵਾਲਾ ਗ੍ਰੰਥਾਂ ਦਾ ਹੀ ਅਧਿਐਨ ਨਹੀਂ ਕੀਤਾ; ਸਗੋਂ, ਹਿੰਦੀ ਸਾਹਿੱਤ ਦੇ ਨਵੇਂ-ਪੁਰਾਣੇ ਧੁਰੰਧਰ ਵਿਦਵਾਨਾਂ ਜਿਵੇਂ ਯਾਗਯਕ ਬੰਧੂ, ਸ੍ਰੀ ਵਿਸ਼ਵਨਾਥ ਪ੍ਰਸਾਦ ਮਿਸ਼ਰ, ਅਚਾਰੀਆ ਪਰਸੂਰਾਮ ਚਤੁਰਵੇਦੀ, ਸ੍ਰੀ ਹਰਿ ਪ੍ਰਸਾਦਿ ਨਾਯਕ, ਡਾ. ਸੀਤਾ ਬਿੰਬ੍ਰਾ ਆਦਿ ਦੀਆਂ ਆਲਮ ਕਵੀ ਅਤੇ ਉਸ ਦੇ ਕਾਵਿ-ਜਗਤ ਬਾਰੇ ਲਿਖੀਆਂ ਪੁਸਤਕਾਂ ਦੇ ਹਵਾਲੇ ਵੀ ਦਿੱਤੇ। ਲੇਖਕ ਨੇ ਕੁਝ ਹਿੰਦੀ ਵਿਦਵਾਨਾਂ ਨੂੰ ਮਿਲ ਕੇ ਉਨ੍ਹਾਂ ਨਾਲ ਵਿਚਾਰ ਵੀ ਕੀਤੀ। ਇਨ੍ਹਾਂ ਸ੍ਰੋਤਾਂ ਤੋਂ ਪ੍ਰਾਪਤ ਸੂਚਨਾ ਦੇ ਆਧਾਰ ਉੱਤੇ ਲੇਖਕ ਚਿੱਟੇ ਦਿਨ ਵਾਂਗ ਸਪੱਸ਼ਟ ਕਰ ਦਿੰਦਾ ਹੈ ਕਿ ਆਲਮ—ਮੁਗ਼ਲ ਬਾਦਸ਼ਾਹ ਅਕਬਰ ਦਾ ਸਮਕਾਲੀ ਕਵੀ ਸੀ ਅਤੇ ਉਸ ਨੇ ਆਪਣੀ